**ਧੂਣਾ ਤੇਰੇ ਨਾਮ ਦਾ**

ਤੇਰੇ ਨਾਮ ਦਾ, ਲਾਇਆ ਜੋਗੀ, ਤੇਰੇ ਨਾਮ ਦਾ, ਲਾਇਆ ॥

ਧੂਣਾ, ਤੇਰੇ ਹੀ, ਨਾਮ ਦਾ ਲਾਇਆ, ਛੇਤੀ ਆ ਜਾ, ਪੌਣਾਹਾਰੀਆ ॥

ਤੇਰੇ, ਭਗਤਾਂ ਨੇ, ਤੈਨੂੰ ਹੈ ਬੁਲਾਇਆ, ਛੇਤੀ, ਆ ਜਾ, ਦੁੱਧਾਧਾਰੀਆ । ਧੂਣਾ, ਤੇਰੇ ਹੀ, ਨਾਮ ਦਾ…

ਰੋਜ਼ ਰੋਜ਼, ਬਾਬਾ ਅਸੀ, ਤੈਨੂੰ ਨੀ ਬੁਲਾਵਣਾ । ਰੋਜ਼ ਰੋਜ਼, ਦਰ ਤੇਰੇ, ਧੂਣਾ ਨੀ ਜਗਾਵਣਾ ॥ ਓ ਅਸੀ, ਜਾਗਾ ਅੱਜ, ਤੇਰਾ ਹੈ ਰਚਾਇਆ, ਛੇਤੀ, ਆ ਜਾ, ਪੌਣਾਹਾਰੀਆ… ਧੂਣਾ, ਤੇਰੇ ਹੀ, ਨਾਮ ਦਾ

ਆਜਾ ਹੋ ਕੇ, ਮੋਰ ਤੇ, ਸਵਾਰ ਸਿੱਧ ਜੋਗੀਆ। ਆ ਕੇ, ਸਾਰੇ ਭਗਤਾਂ ਨੂੰ, ਤਾਰ ਸਿੱਧ ਜੋਗੀਆ ॥ ਕਰ, ਸਭਨਾਂ ਤੇ, ਮੇਹਰਾਂ ਦੀ ਛਾਇਆ, ਛੇਤੀ, ਆ ਜਾ, ਪੌਣਾਹਾਰੀਆ ਧੂਣਾ, ਤੇਰੇ ਹੀ, ਨਾਮ ਦਾ…

ਜੇ ਤੂੰ ਅੱਜ, ਬਾਬਾ, ਭਗਤਾਂ ਦਾ ਦਿਲ ਤੋੜਿਆ । ਆਪਣੇ, ਬੱਚਿਆਂ ਤੋਂ, ਮੁਖ ਅਗਰ ਮੋੜਿਆ ॥

ਨਹੀਓ, ਜਾਣਾ ਕਦੇ, ਦੁੱਖ ਏਹ ਭੁਲਾਇਆ, ਛੇਤੀ, ਆ ਜਾ, ਪੌਣਾਹਾਰੀਆ ਧੂਣਾ, ਤੇਰੇ ਹੀ, ਨਾਮ ਦਾ..

ਲਾਲਾ, ਅੰਮ੍ਰਿਤ ਤੇਰੀ, ਰਾਹ ਨਿਹਾਰਦਾ।

ਰਿਸ਼ੀ, ਦਿਓਟ ਸਿੱਧ ਵਾਲਾ, ਆਰਤੀ ਉਤਾਰਦਾ ॥

ਰਾਣੇ, ਰੱਜ ਰੱਜ, ਗੁਣ ਤੇਰਾ ਗਾਇਆ, ਛੇਤੀ ਆ ਜਾ, ਪੌਣਾਹਾਰੀਆ… ਧੂਣਾ, ਤੇਰੇ ਹੀ, ਨਾਮ ਦਾ ਲਾਇਆ, ਛੇਤੀ ਆ ਜਾ, ਪੌਣਾਹਾਰੀਆ।

ਤੇਰੇ, ਭਗਤਾਂ ਨੇ, ਤੈਨੂੰ ਹੈ ਬੁਲਾਇਆ. ਛੇਤੀ ਆ ਜਾ ਦੁੱਧਾਧਾਰੀਆ ॥

ਜੇ ਤੂੰ, ਮੋਰ ਤੇ, ਸਵਾਰ ਹੋ ਕੇ ਆ ਗਿਆ, ਸਿੱਧ, ਜੋਗੀ ਪੌਣਾਹਾਰੀਆ।

ਸਾਰੇ, ਭਗਤਾਂ ਨੂੰ, ਦਰਸ ਦਿਖਾ ਗਿਆ, ਸਿੱਧ, ਜੋਗੀ ਦੁੱਧਾਧਾਰੀਆ।

ਸਾਰੇ, ਭਗਤਾਂ ਦੇ, ਬੇੜੇ ਬੰਨ੍ਹੇ ਲਾ ਗਿਆ, ਸਿੱਧ, ਜੋਗੀ ਪੌਣਾਹਾਰੀਆ।

ਜੀਵਨ, ਸਭਨਾਂ ਦਾ, ਸਫ਼ਲ ਬਣਾ ਗਿਆ, ਸਿੱਧ, ਜੋਗੀ ਦੁੱਧਾਧਾਰੀਆ।

ਓ ਜ਼ੋਰ ਸੇ ਬੋਲੋ ਜੈ ਬਾਬੇ ਦੀ।

ਸਾਰੇ ਹੀ ਬੋਲੋ ਜੈ ਬਾਬੇ ਦੀ।

ਓ ਮਿਲਕਰ ਬੋਲੋ ਜੈ ਬਾਬੇ ਦੀ।

ਓ ਉੱਚੀ ਬੋਲੋ ਜੈ ਬਾਬੇ ਦੀ।

ਓਹ ਪੌਣਾਹਾਰੀ ਜੈ ਬਾਬੇ ਦੀ।

ਬਾਬਾ ਦੁੱਧਾਧਾਰੀ ਜੈ ਬਾਬੇ ਦੀ।

ਆਇਆ ਮੋਰ ਸਵਾਰੀ ਜੈ ਬਾਬੇ ਦੀ।

ਓ ਲੱਗਦੀ ਪਿਆਰੀ ਜੈ ਬਾਬੇ ਦੀ।

ਓਹਨੇ ਦੁਨੀਆਂ ਤਾਰੀ ਜੈ ਬਾਬੇ ਦੀ।

ਓ ਸਾਰੇ ਹੀ ਬੋਲੋ ਜੈ ਬਾਬੇ ਦੀ।

ਓ ਮਿਲਕਰ ਬੋਲੋ ਜੈ ਬਾਬੇ ਦੀ।